BRITISH COLUMBIA
The Best Place on Earth

# ਖ਼ਬਰਨਾਮਾ

ਅਗਸਤ 2010 ਮਨਿਸਟਰੀ ਆਫ਼ ਐਜੂਕੇਸ਼ਨ(Ministry of Education)

## ਪੜ੍ਹਾਈ, ਸਾਖ਼ਰਤਾ ਦੇ ਸੁਧਾਰ ਲਈ ਸਕੂਲ-ਵਾਪਸੀ ਮੌਕੇ ਸੁਝਾਅ

**ਸਭਨਾਂ ਮਾਪਿਆਂ ਲਈ:**

- ਇਸ ਗੱਲ ਵਿੱਚ ਦਿਲਚਸਪੀ ਲਵੋ ਕਿ ਤੁਹਾਡੇ ਬੱਚੇ ਕੀ ਪੜ੍ਹ ਰਹੇ ਹਨ; ਜੋ ਉਹ ਪੜ੍ਹਦੇ ਹਨ, ਹਕੀਕੀ ਦੁਨੀਆਂ ਨਾਲ ਉਸ ਦਾ ਸੰਬੰਧ ਸਮਝਾਉਣ ਵਿੱਚ ਉਨ੍ਹਾਂ ਨੂੰ ਮਦਦ ਦਿਓ।
- ਬੱਚਿਆਂ ਦੀ ਜ਼ਿੰਦਗੀ ਦਾ ਹਿੱਸਾ ਬਣੇ ਰਹੋ; ਇਹ ਗੱਲ ਪੱਕੀ ਕਰੋ ਕਿ ਤੁਹਾਡੇ ਬੱਚੇ ਆਪਣੀਆਂ ਸ਼ਰਤਾਂ ’ਤੇ ਪੂਰੇ ਉੱਤਰਦੇ ਰਹਿਣ।
- ਆਪਣੇ ਬੱਚੇ ਦੇ ਸਕੂਲ, ਪ੍ਰਿੰਸੀਪਲ, ਅਤੇ ਖਾਸ ਕਰ ਕੇ ਬੱਚੇ ਦੇ ਅਧਿਆਪਕਾਂ ਦੇ ਵਾਕਫ਼ ਬਣੋ।

**ਪ੍ਰਾਇਮਰੀ ਦੇ ਵਿਦਿਆਰਥੀਆਂ ਸੰਬੰਧੀ:**

- ਹਰ ਰੋਜ਼ ਖੁਦ ਪੜ੍ਹੋ ਤਾਂ ਕਿ ਤੁਹਾਡੇ ਬੱਚੇ ਵੇਖਣ, ਅਤੇ ਹਰ ਰੋਜ਼ ਪਰਿਵਾਰਕ ਤੌਰ ’ਤੇ ਪੜ੍ਹਨ ਲਈ ਸਮਾਂ ਰਾਖਵਾਂ ਰੱਖੋ।
- ਸੜ੍ਹਕਾਂ ’ਤੇ ਲੱਗੇ ਆਵਾਜਾਈ ਦੇ ਚਿੰਨ੍ਹ ਵੇਖੋ।
- ਜਦੋਂ ਤੁਸੀਂ ਖਾਣਾ ਬਣਾ ਰਹੇ ਹੋਵੋਂ ਤਾਂ ਉਸ ਦੌਰਾਨ ਆਪਣੇ ਬੱਚਿਆਂ ਨੂੰ ਕਹੋ ਕਿ ਤੁਹਾਨੂੰ ਪੜ੍ਹ ਕੇ ਸੁਣਾਉਣ।
- ਪੰਨੇ ਪੜ੍ਹਨ ਦੀ ਵਾਰੀ ਬੰਨ੍ਹ ਕੇ ਜਾਂ ਪਾਤਰਾਂ ਦਾ ਸ੍ਵਾਂਗ ਰਚ ਕੇ ਬੱਚਿਆਂ ਵਿੱਚ ਪੜ੍ਹਨ ਦਾ ਚਾਅ ਪੈਦਾ ਕਰੋ।
- ਪੜ੍ਹੀ ਜਾ ਰਹੀ ਸਮੱਗਰੀ ਬਾਰੇ ਆਪਣੇ ਬੱਚਿਆਂ ਨਾਲ ਗੱਲਬਾਤ ਕਰੋ। ਉਨ੍ਹਾਂ ਨੂੰ ਅਜਿਹੇ ਸਵਾਲ ਪੁੱਛੋ ਜਿਨ੍ਹਾਂ ਦਾ ਜਵਾਬ ਉਨ੍ਹਾਂ ਵੱਲੋਂ ਉਸ ਵੇਲੇ ਪੜ੍ਹੀਆਂ ਗਈਆਂ ਸਤਰਾਂ ਦਾ ਭਾਵਅਰਥ ਹੋਵੇ। ਇਸ ਨਾਲ ਪੜ੍ਹਨ ਸੰਬੰਧੀ ਉਨ੍ਹਾਂ ਦੀ ਸੂਝ ਵਧੇਗੀ।
- ਬੱਚਿਆਂ ਦਾ ਵਾਹ ਅਨੇਕ ਤਰ੍ਹਾਂ ਦੀ ਸਾਹਿਤਕ ਸ਼ੈਲੀ ਨਾਲ ਪਾਓ ਅਤੇ ਵੇਖੋ ਕਿ ਉਨ੍ਹਾਂ ਨੂੰ ਸਭ ਤੋਂ ਵੱਧ ਕਿਹੜੀ ਕਿਸਮ ਪਸੰਦ ਹੈ।
- ਆਪਣੇ ਬੱਚਿਆਂ ਨੂੰ ਲਾਇਬ੍ਰੇਰੀ ਕਾਰਡ ਹਾਸਲ ਕਰਨ ਵਿੱਚ ਮਦਦ ਦਿਓ ਅਤੇ ਉਨ੍ਹਾਂ ਨਾਲ ਹਫਤਾਵਾਰੀ ਲਾਇਬ੍ਰੇਰੀ ਵਿੱਚ ਜਾਓ।

**ਇੰਟਰਮੀਡੀਏਟ/ਮਿਡਲ ਦੇ ਵਿਦਿਆਰਥੀਆਂ ਸੰਬੰਧੀ:**

- ਹੋਮਵਰਕ ਲਈ ਰੋਜ਼ਾਨਾ ਕਾਰਜਕ੍ਰਮ ਬਣਾਓ। ਟੀ.ਵੀ. ਅਤੇ ਇੰਟਰਨੈੱਟ ਵਰਗੀਆਂ ਧਿਆਨ ਖਿੱਚਣ ਵਾਲੀਆਂ ਥਾਵਾਂ ਤੋਂ ਹਟਵੀਂ ਇੱਕ ਜਗ੍ਹਾ ਹੋਮਵਰਕ ਲਈ ਰੱਖ ਲਓ ਜਿੱਥੇ ਢੁਕਵੀਂ ਰੌਸ਼ਨੀ ਅਤੇ ਪੜ੍ਹਾਈ ਦਾ ਮੁਨਾਸਬ ਸਾਮਾਨ ਮੌਜੂਦ ਹੋਵੇ।
- ਜਦੋਂ ਬੱਚਿਆਂ ਲਈ ਆਪਣਾ ਹੋਮਵਰਕ ਕਰਨ ਦਾ ਸਮਾਂ ਹੋਵੇ, ਉਸ ਵੇਲ਼ੇ ਖੁਦ ਆਪਣੀ ਚੈੱਕਬੁਕ ਸੰਤੁਲਤ ਕਰ ਕੇ, ਬਿਲ ਅਦਾ ਕਰ ਕੇ, ਜਾਂ ਖੁਦ ਕੋਈ ਕਿਤਾਬ ਪੜ੍ਹ ਕੇ ਪੜ੍ਹਾਈ ਦੀਆਂ ਜ਼ੋਰਦਾਰ ਆਦਤਾਂ ਦੀ ਅਹਿਮੀਅਤ ਦਾ ਵਿਖਾਲਾ ਪਾਓ।
- ਵਿਹਲੇ ਸਮੇਂ ਵਿੱਚ ਬੱਚਿਆਂ ਨੂੰ ਹਸਾਉਣੀਆਂ (comic) ਪੁਸਤਕਾਂ ਪੜ੍ਹਨ ਦਿਓ ਕਿਉਂਕਿ ਹਾਸਰਸ (comics) ਨਾਲ ਪੜ੍ਹਨ ਦੀਆਂ ਉਸਾਰੂ ਆਦਤਾਂ ਪੈਂਦੀਆਂ ਹਨ ਅਤੇ ਸਾਖ਼ਰਤਾ ਸੁਧਾਰਨ ਵਿੱਚ ਇਨ੍ਹਾਂ ਨਾਲ ਫ਼ਰਕ ਪੈਂਦਾ ਹੈ।
- ਆਪਣੇ ਬੱਚਿਆਂ ਨੂੰ ਹੋਮਵਰਕ ਵਿੱਚੋਂ ਔਖੇ ਅਤੇ ਸੌਖੇ ਕਾਰਜਾਂ ਦੀ ਪਛਾਣ ਕਰਨਾ ਸਿਖਾਓ ਅਤੇ ਸਭ ਤੋਂ ਔਖੇ ਕਾਰਜ ਉਨ੍ਹਾਂ ਤੋਂ ਪਹਿਲ ਨਾਲ ਕਰਵਾਓ।
- ਸਵਾਲਾਂ ਦੇ ਜਵਾਬ ਦੇਣ ਲਈ ਹਾਜ਼ਰ ਰਹੋ ਅਤੇ ਮਦਦ ਪੇਸ਼ ਕਰੋ, ਪਰ ਬੱਚਿਆਂ ਦਾ ਹੋਮਵਰਕ ਖੁਦ ਨਾ ਕਰੋ।
- ਬੱਚਿਆਂ ਨੂੰ ਸਵਾਲ ਪੁੱਛੋ ਅਤੇ ਉਨ੍ਹਾਂ ਨੂੰ ਤਾਜ਼ੀ ਹੀ ਪੜ੍ਹੀ ਜਾਂ ਅਧਿਐਨ ਕੀਤੀ ਸਮੱਗਰੀ ਬਾਰੇ ਵੇਰਵੇ ਦੱਸਣ ਲਈ ਆਖੋ।
- ਆਪਣੇ ਬੱਚਿਆਂ ਨੂੰ ਕਹਾਣੀਆਂ ਅਤੇ ਕਵਿਤਾਵਾਂ ਲਿਖਣ ਲਈ ਉਤਸ਼ਾਹ ਦਿਓ।

**ਸੈਕੰਡਰੀ ਦੇ ਵਿਦਿਆਰਥੀਆਂ ਸੰਬੰਧੀ:**

- ਹੋਮਵਰਕ ਦਾ ਤੈਅਸ਼ੁਦਾ ਰੁਟੀਨ ਜਾਰੀ ਰੱਖੋ। ਲੋੜ ਮੁਤਾਬਕ ਫੇਰ-ਬਦਲ ਕਰੋ ਜਿਵੇਂ ਸਕੂਲ ਤੋਂ ਬਾਅਦ ਦਾ ਜਾਂ ਵੀਕਐਂਡ ਦਾ ਸਮਾਂ ਵੱਡੇ ਪ੍ਰਾਜੈਕਟਾਂ ਲਈ ਰਾਖਵਾਂ ਕਰ ਕੇ।
- ਆਪਣੇ ਟੀਨੇਜਰਾਂ ਨੂੰ ਹੱਲਾਸ਼ੇਰੀ ਦਿਓ ਕਿ ਹਰ ਰਾਤ 20 ਮਿੰਟ ਲਈ ਆਪਣੇ ਉਸ ਦਿਨ ਦੇ ਨੋਟ ਪੜ੍ਹਨ, ਜਾਂ ਹਾਈਲਾਈਟਰਾਂ ਦੀ ਮਦਦ ਨਾਲ ਅਹਿਮ ਜਾਣਕਾਰੀ ਉਜਾਗਰ ਕਰਦਿਆਂ ਉਨ੍ਹਾਂ ਨੂੰ ਦੁਬਾਰਾ ਲਿਖਣ ਤਾਂ ਕਿ ਉਹ ਵਧੇਰੇ ਦੇਰ ਤਕ ਯਾਦ ਰਹਿਣ।
- ਪੜ੍ਹਾਈ ਦੌਰਾਨ ਅੱਖਾਂ, ਗਰਦਣ ਅਤੇ ਦਿਮਾਗ ਨੂੰ ਥਕਾਵਟ ਤੋਂ ਬਚਾਉਣ ਲਈ ਆਪਣੇ ਬੱਚਿਆਂ ਨੂੰ ਬਾਕਾਇਦਗੀ ਨਾਲ ਛੁੱਟੀ ਕਰਨ ਦਿਓ। ਇਸ ਨਾਲ ਉਹ ਵਧੇਰੇ ਕਾਰਜ ਕਰ ਸਕਣਗੇ ਅਤੇ ਲਿਖਿਆ-ਪੜ੍ਹਿਆ ਵੱਧ ਯਾਦ ਰੱਖਣ ਸਕਣਗੇ।
- ਆਪਣੇ ਟੀਨੇਜਰਾਂ ਨੂੰ ਉਨ੍ਹਾਂ ਦੀ ਦਿਲਚਸਪੀ ਮੁਤਾਬਕ ਢੁਕਵੇਂ ਰਸਾਲੇ ਜਾਂ ਢੁਕਵੀਆਂ ਵੈੱਬਸਾਈਟਾਂ ਵੇਖਣ ਲਈ ਪ੍ਰੇਰੋ ਤਾਂ ਜੋ ਉਨ੍ਹਾਂ ਨੂੰ ਪੜ੍ਹਨ ਦੀ ਚੇਟਕ ਲੱਗੀ ਰਹੇ। ਬਹੁਤੀਆਂ ਸਥਾਨਕ ਲਾਇਬ੍ਰੇਰੀਆਂ ਵਿੱਚ ਅਨੇਕਾਂ ਮਜ਼ਮੂਨਾਂ – ਸਮੇਤ ਖੇਡਾਂ, ਵਿਗਿਆਨ, ਮਕੈਨਿਕੀ ਅਤੇ ਸਿਆਸਤ ਦੇ – ਉੱਤੇ ਰਸਾਲਿਆਂ ਦੀ ਇੱਕ ਵੱਡੀ ਵੰਨਗੀ ਮੌਜੂਦ ਹੁੰਦੀ ਹੈ।

- ਬਾਕਾਇਆ ਤਾਰੀਖ਼ਾਂ, ਇਮਤਿਹਾਨਾਂ ਬਾਰੇ ਤੁਰੰਤ ਝਾਤ ਮਾਰ ਸਕਣ ਅਤੇ ਇਹ ਵੇਖਣ ਲਈ ਕਿ ਬਾਕੀ ਸਰਗਰਮੀਆਂ ਦੌਰਾਨ ਇਨਾਂ ਲਈ ਵਕਤ ਕਿਵੇਂ ਕੱਢਣਾ ਹੈ, ਫਰਿੱਜ ਉੱਤੇ ਕਾਰਜਾਂ ਦਾ ਇੱਕ ਕੈਲੰਡਰ ਲਾ ਕੇ ਰੱਖੋ।

-30-

ਮੀਡੀਆ ਸੰਪਰਕ: ਪਬਲਿਕ ਅਫੇਅਰਜ਼ ਬਿਊਰੋ (Public Affairs Bureau)
ਮਨਿਸਟਰੀ ਆਫ਼ ਐਜੁਕੇਸ਼ਨ (Ministry of Education)
250 356-5963

ਸਰਕਾਰੀ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ, ਜਾਂ RSS ਰਾਹੀਂ ਸੂਬੇ ਦੀਆਂ ਖ਼ਬਰਾਂ ਹਾਸਲ ਕਰਨ ਲਈ www.gov.bc.ca(ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ) ਵਿਖੇ ਸੂਬੇ ਦੀ ਵੈੱਬਸਾਈਟ ਵੇਖੋ।